BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਦਾ ਪਹਿਲਾ ਭਾਈਚਾਰਕ ਗਰਬਾ ਮਨਾਓ

ਬ੍ਰੈਂਪਟਨ, ਓਨਟੈਰੀਓ (10 ਅਕਤੂਬਰ, 2019) – ਸਿਟੀ ਆਫ ਬ੍ਰੈਂਪਟਨ ਸ਼ੁੱਕਰਵਾਰ, 18 ਅਕਤੂਬਰ ਨੂੰ ਸ਼ਾਮ 7 ਵਜੇ ਤੋਂ ਰਾਤ 11 ਵਜੇ ਤੱਕ, 7575 ਕੈਨੇਡੀ ਰੋਡ ਸਾਊਥ (7575 Kennedy Road South) ਵਿਖੇ ਸਥਿਤ, ਸੀ.ਏ.ਏ. ਸੈਂਟਰ (CAA Centre) ਵਿੱਚ ਆਪਣਾ ਪਹਿਲਾ ਭਾਈਚਾਰਕ ਗਰਬਾ (Garba) ਆਯੋਜਿਤ ਕਰ ਰਹੀ ਹੈ। ਹਰ ਕਿਸੇ ਨੂੰ ਇਸ ਉਤਸ਼ਾਹ ਭਰੇ ਸੱਭਿਆਚਾਰਕ ਜਸ਼ਨ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ! ਦਰਵਾਜੇ ਸ਼ਾਮ 6 ਵਜੇ ਖੁੱਲ੍ਹਣਗੇ।

ਗਰਬਾ ਜਸ਼ਨਾਂ ਵਿੱਚ, ਨੌ-ਦਿਨਾਂ ਦੇ ਨਰਾਤਿਆਂ (Navratri) ਦੇ ਤਿਓਹਾਰ ਦੇ ਹਿੱਸੇ ਵਜੋਂ, ਪਰੰਪਰਿਕ ਡਾਂਸ, ਸੰਗੀਤ ਅਤੇ ਗੁਜਰਾਤੀ ਭੋਜਨ ਪੇਸ਼ ਕੀਤਾ ਜਾਵੇਗਾ। ਇਸਨੂੰ ਪੂਰੀ ਦੁਨੀਆ ਵਿੱਚ ਹਿੰਦੂ ਭਾਈਚਾਰਿਆਂ ਵੱਲੋਂ ਖਾਸ ਮਾਨਤਾ ਦਿੱਤੀ ਜਾਂਦੀ ਹੈ। ਡਾਂਸ ਕਰਨ, ਸਪੀਚ ਅਤੇ ਪ੍ਰਾਰਥਨਾ ਸੈਰੇਮਨੀ, *ਆਰਤੀ* ਲਈ ਸਾਡੇ ਨਾਲ ਸ਼ਾਮਲ ਹੋਵੋ। ਖਰੀਦਣ ਵਾਸਤੇ ਭੋਜਨ ਅਤੇ ਪੀਣ ਵਾਲੇ ਪਦਾਰਥ ਉਪਲਬਧ ਹੋਣਗੇ।

ਇਸ ਕਾਰਜਕਰਮ ਵਿੱਚ ਕਈ ਤਰ੍ਹਾਂ ਦਾ ਲਾਈਵ ਮਨੋਰੰਜਨ ਪੇਸ਼ ਕੀਤਾ ਜਾਵੇਗਾ। ਅਵਾਰਡ-ਜੇਤੂ ਗਾਇਕ, ਕੰਪੋਜਰ ਅਤੇ ਸੰਗੀਤਕਾਰ, **ਰਵੀਨ ਨਾਇਕ (Ravin Naik)** ਮੁੱਖ ਪ੍ਰਦਰਸ਼ਕ ਹੋਣਗੇ, ਜਿਹਨਾਂ ਨੇ ਅੰਤਰਰਾਸ਼ਟਰੀ ਟੂਰ ਕੀਤਾ ਹੈ ਅਤੇ ਪੂਰੀ ਦੁਨੀਆ ਵਿੱਚ ਗੁਜਰਾਤੀ ਤਿਓਹਾਰਾਂ ਵਿੱਚ ਪ੍ਰਦਰਸ਼ਨ ਕੀਤਾ ਹੈ। ਸਥਾਨਕ ਪ੍ਰਤਿਭਾਸ਼ੀਲ **ਦਰਸ਼ਨਾ ਠੱਕਰ (Darshana Thaker)**, ਜੋ ਸ਼ਾਸਤਰੀ ਸੰਗੀਤ ਵਿੱਚ ਸਿੱਖਿਅਤ ਗਾਇਕਾ ਹਨ ਅਤੇ ਬ੍ਰੈਂਪਟਨ ਵਿੱਚ ਸਵਰਾਗਿਨੀ ਸਕੂਲ ਆਫ ਮਿਊਜਿਕ (Swaraagini School of Music) ਚਲਾਉਂਦੇ ਹਨ, ਨਾਇਕ ਤੋਂ ਪਹਿਲਾਂ ਦਾ ਪ੍ਰਦਰਸ਼ਨ ਕਰਨਗੇ। ਗੁਜਰਾਤ ਦੇ ਪੂਰਵ ਟੀਵੀ ਨਿਊਜ ਐਂਕਰ ਅਤੇ ਰੈੱਡਐਫਐਮ ਕੈਨੇਡਾ (RedFM Canada) ਵਿੱਚ ਮੌਜੂਦਾ ਸ਼ੋ ਮੇਜ਼ਬਾਨ, **ਜੈਮੀਨ ਠੱਕਰ (Jaymin Thakkar)** ਪ੍ਰੋਗਰਾਮ ਦੀ ਮੇਜ਼ਬਾਨੀ ਕਰਨਗੇ।

ਇਸ ਪ੍ਰੋਗਰਾਮ ਵਿੱਚ ਸਥਾਨਕ ਫੂਡ ਬੈਂਕ ਵਾਸਤੇ ਖਰਾਬ ਨਾ ਹੋਣ ਵਾਲੇ ਭੋਜਨ ਪਦਾਰਥਾਂ ਦੇ ਦਾਨ ਨਾਲ ਪ੍ਰਵੇਸ਼ ਮੁਫ਼ਤ ਹੈ। ਸਿਟੀ, ਨਾਈਟਸ ਟੇਬਲ (Knights Table), ਸੇਵਾ ਫੂਡ ਬੈਂਕ (Seva Food Bank) ਅਤੇ ਸੈਂਟ ਲੁਈਸ ਆਉਟਰੀਚ (Ste. Louise Outreach) ਦੇ ਵੱਲੋਂ ਦਾਨ ਇਕੱਤਰ ਕਰੇਗੀ।

ਬਿਲਡਿੰਗ ਵਿੱਚ ਅਤੇ ਡਾਂਸ ਫਲੋਰ ਤੇ ਸੀਮਿਤ ਜਗ੍ਹਾ ਹੋਣ ਕਾਰਨ ਮਹਿਮਾਨਾਂ ਨੂੰ ਜਲਦੀ ਪਹੁੰਚਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਹ ਕਾਰਜਕਰਮ ਬ੍ਰੈਂਪਟਨ ਦੇ ਭਾਈਚਾਰਕ ਪਛਾਣ ਪ੍ਰੋਗਰਾਮ (Community Recognition Program) ਦਾ ਹਿੱਸਾ ਹੈ। ਇਹ ਅਜਿਹੇ ਸੱਭਿਆਚਾਰਕ ਜਸ਼ਨਾਂ ਦੀ ਸੀਰੀਜ ਹੈ, ਜਿਹਨਾਂ ਨੂੰ ਬ੍ਰੈਂਪਟਨ ਦੀ ਵੰਨ-ਸੁਵੰਨਤਾ ਨੂੰ ਸਨਮਾਨ ਦੇਣ ਲਈ ਸਿਟੀ ਪੂਰਾ ਸਾਲ ਆਯੋਜਿਤ ਕਰਦੀ ਹੈ। ਇਹ ਕਾਰਜਕਰਮ ਨਿਵਾਸੀਆਂ ਵਾਸਤੇ ਹੋਰ ਸੱਭਿਆਚਾਰਾਂ ਬਾਰੇ ਜਾਣਨ ਅਤੇ ਅਜਿਹੇ ਕਈ ਭਾਈਚਾਰਿਆਂ ਨੂੰ ਜਾਣਨ ਦਾ ਸ਼ਾਨਦਾਰ ਮੌਕਾ ਹਨ, ਜੋ ਸਾਡੇ ਸ਼ਹਿਰ ਨੂੰ ਬਣਾਉਂਦੇ ਹਨ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.brampton.ca/garba ਤੇ ਜਾਓ।

brampton.ca BRAMPTON Flower City

media release

**ਹਵਾਲਾ**

"ਬ੍ਰੈਂਪਟਨ ਕਈ ਸੱਭਿਆਚਾਰਾਂ ਵਾਲਾ ਸ਼ਹਿਰ ਹੈ, ਅਤੇ ਸਿਟੀ ਕਾਉਂਸਿਲ ਨੂੰ ਸਾਡੇ ਭਾਈਚਾਰੇ ਦੀ ਸ਼ਾਨਦਾਰ ਵੰਨ-ਸੁਵੰਨਤਾ ਦਾ ਜਸ਼ਨ ਮਨਾਉਣ ਤੇ ਮਾਣ ਹੈ। ਸਾਰੀ ਕਾਉਂਸਿਲ ਦੇ ਵੱਲੋਂ, ਸਾਨੂੰ ਆਸ ਹੈ ਕਿ ਸਾਰੇ ਸੱਭਿਆਚਾਰਕ ਪਿਛੋਕੜਾਂ ਵਾਲੇ ਨਿਵਾਸੀ ਗਰਬਾ ਨਾਈਟ ਦੀ ਰੋਮਾਂਚਕ ਗੁਜਰਾਤੀ ਪਰੰਪਰਾ ਲਈ ਸਾਡੇ ਨਾਲ ਜੁੜਨਗੇ। ਤਿੰਨ ਮਹੱਤਵਪੂਰਨ ਸਥਾਨਕ ਦਾਨ ਸੰਸਥਾਵਾਂ ਨੂੰ ਸਹਿਯੋਗ ਦਿੰਦੇ ਹੋਏ, ਡਾਂਸ, ਸੰਗੀਤ ਅਤੇ ਸੁਆਦੀ ਭੋਜਨ ਦਾ ਮਜ਼ਾ ਲਓ। ਅਸੀਂ ਸਾਡੇ ਭਾਈਚਾਰੇ ਵਿੱਚ ਲੋੜਵੰਦ ਲੋਕਾਂ ਦੀ ਸਹਾਇਤਾ ਲਈ, ਨਾਈਟਸ ਟੇਬਲ, ਸੇਵਾ ਫੂਡ ਬੈਂਕ ਅਤੇ ਸੈਂਟ ਲੁਈਸ ਆਉਟਰੀਚ ਵਾਸਤੇ ਵੱਡੀ ਮਾਤਰਾ ਵਿੱਚ ਦਾਨ ਦੀ ਆਸ ਕਰਦੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca